# ਗੋਲੀ ਮਾਰ ਕੇ ਸਾਧ ਫੂੰਡ'ਤਾ

## ☛ ਸਾਧਾਂ ਦੀਆਂ ਕਾਲੀਆਂ ਕਰਤੂਤਾਂ ਕਰਕੇ ਪਿੰਡਾਂ 'ਚ ਸਾਧ ਮਾਰੂ ਜੱਥੇ ਕਾਇਮ ਹੋਣ ਦਾ ਸ਼ੱਕ

ਜੰਡਿਆਲਾ ਮੰਜਕੀ-ਬੀਤੇ ਅਰਸੇ ਦੌਰਾਨ ਸਾਧਾਂ ਨੂੰ ਕਤਲ ਕਰਨ ਦੀਆਂ ਘਟਨਾਵਾਂ ਪੰਜਾਬ ਵਿੱਚ ਵਧ ਰਹੀਆਂ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਪਿੰਡਾਂ ਵਿੱਚ ਸਾਧਾਂ ਦੀਆਂ ਕਰਤੂਤਾਂ ਤੋਂ ਦੁੱਖੀ ਹੋ ਕੇ ਕੋਈ ਖਾੜਕੂ ਜੱਥਾ ਉੱਠ ਖੜਾ ਹੋਇਆ ਹੈ, ਜਿਨ੍ਹਾਂ ਨੇ ਸਾਧਾਂ ਨੂੰ ਪੰਜਾਬ ਤੋਂ ਭਜਾਉਣ ਲਈ ਠਾਣ ਲਈ ਹੈ। ਵੈਸੇ ਵੀ ਪੰਜਾਬ ਦੇ ਲੋਕ ਸਾਧਾਂ ਦੇ ਰੰਗੀਲੇਪਨ, ਐਸ਼ਪ੍ਰਸਤੀ ਤੇ ਸੈਕਸੀ ਵਰਤਾਰੇ ਤੋਂ ਬਹੁਤ ਦੁੱਖੀ ਹਨ।

ਕਈ ਪਾਖੰਡੀ ਸਾਧਾਂ ਨੇ ਤਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਹੈ। ਬਹੁਤੇ ਸਾਧ-ਬੀਬੀਆਂ ਨੂੰ ਆਪਣਾ ਸ਼ਰਧਾਲੂ ਬਣਾ ਕੇ ਉਨ੍ਹਾਂ ਦੇ ਬੈਡਰੂਮਾਂ ਤੱਕ ਘੁੱਸਪੈਠ ਕਰ ਚੁੱਕੇ ਹਨ। ਨਵਾਂਸ਼ਹਿਰ ਦੇ ਸਾਧ ਧਨਵੰਤ ਸਿੰਘ ਨੂੰ ਆਪਣੀ ਹੀ ਚੇਲੀ ਨੂੰ ਨਸ਼ੇ ਦੇ ਟੀਕੇ ਲਗਾ ਕੇ ਬਲਾਤਕਾਰ ਕਰਨ ਦੀ ਸਜ਼ਾ ਹੋ ਚੁੱਕੀ ਹੈ। ਸੌਦਾ ਸਾਧ 'ਤੇ ਵੀ ਅਜਿਹੇ ਦੋਸ਼ ਲੱਗ ਚੁੱਕੇ ਹਨ। ਰਾਜਨੀਤਕ ਪਹੁੰਚ ਹੋਣ ਕਾਰਣ ਪੁਲੀਸ ਵੀ ਇਨ੍ਹਾਂ 'ਤੇ ਕਾਰਵਾਈ ਨਹੀਂ ਕਰਦੀ। ਬੀਤੇ ਦਿਨੀਂ ਹੁਸ਼ਿਆਰਪੁਰ ਕੋਲ ਵੀ ਇਕ ਬਾਬਾ ਸੋਧ ਦਿੱਤਾ ਸੀ। ਹੁਣ ਪੁਲੀਸ ਚੌਕੀ ਜੰਡਿਆਲਾ ਅਧੀਨ ਆਉਂਦੇ ਪਿੰਡ ਦਾਦੂਵਾਲ ਦੇ ਬਾਹਰਵਾਰ ਧਨੀ ਪਿੰਡ ਰੋਡ 'ਤੇ ਪੈਂਦੇ ਡੇਰਾ ਸੰਤਸਰ ਦੇ ਮੁੱਖ ਸਾਧ ਬਾਬਾ ਬਿਕਰ ਸਿੰਘ ਦੀ ਬੀਤੇ ਦਿਨੀਂ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।



ਗੁਰਦੁਆਰੇ ਵਿੱਚ ਮੌਜੂਦ ਸੇਵਾਦਾਰ ਅਮਰਜੀਤ ਸਿੰਘ ਤੇ ਪਰਵਿੰਦਰ ਸਿੰਘ ਨੇ ਦੱਸਿਆ ਕਿ ਰਾਤ ਸਾਢੇ ਨੌਂ ਵਜੇ ਚਾਰ ਦੇ ਕਰੀਬ ਵਿਅਕਤੀ ਚਾਰਦੀਵਾਰੀ ਟੱਪ ਕੇ ਅੰਦਰ ਦਾਖ਼ਲ ਹੋਏ ਤੇ ਗੋਲੀ ਮਾਰ ਦਿਓ-ਗੋਲੀ ਮਾਰ ਦਿਓ ਦਾ ਰੌਲਾ ਪਾਉਣ ਲੱਗੇ। ਉਨ੍ਹਾਂ ਵੱਲੋਂ ਪਹਿਲਾਂ ਹਵਾਈ ਫਾਇਰ ਕੀਤੇ ਗਏ। ਗੋਲੀਆਂ ਦੀ ਅਵਾਜ਼ ਸੁਣ ਕੇ ਜਦੋਂ ਗੁਰਦੁਆਰੇ ਦੇ ਮੁਖੀ ਬਾਬਾ ਬਿੱਕਰ ਸਿੰਘ ਜੋ ਕਿ ਬਾਹਰ ਵਿਹੜੇ ਵਿੱਚ ਸੁੱਤੇ ਪਏ ਸਨ, ਕਮਰੇ ਵੱਲ ਨੂੰ ਦੌੜੇ ਤੇ ਸ਼ੀਸ਼ੇ ਵਾਲੇ ਦਰਵਾਜ਼ੇ ਦੇ ਅੰਦਰੋਂ ਕੁੰਡੀ ਮਾਰੀ। ਹਮਲਾਵਰਾਂ ਨੇ ਸ਼ੀਸ਼ੇ ਵਿੱਚ ਦੀ ਬਾਬੇ ਵੱਲ ਗੋਲੀਆਂ ਚਲਾਈਆਂ ਜੋ ਬਾਬਾ ਬਿੱਕਰ ਸਿੰਘ ਦੇ ਮੂੰਹ 'ਤੇ ਲੱਗੀਆਂ। ਉੱਥੇ ਮੌਜੂਦ ਬਾਬਾ ਮਨਜਿੰਦਰ ਸਿੰਘ ਤੇ ਹੋਰਨਾਂ ਵੱਲੋਂ ਬਾਥਰੂਮ ਵਿੱਚ ਵੜ ਕੇ ਜਾਨ ਬਚਾਈ ਗਈ। ਹਮਲਾਵਰਾਂ ਵੱਲੋਂ ਬਾਰੀਆਂ ਵਿੱਚ ਦੀ ਉਨ੍ਹਾਂ 'ਤੇ ਵੀ ਫਾਇਰਿੰਗ ਕੀਤੀ ਗਈ। ਅਮਰਜੀਤ ਸਿੰਘ ਤੇ ਪਰਵਿੰਦਰ ਸਿੰਘ ਜੋ ਕਿ ਘਟਨਾ ਵੇਲੇ ਮੌਜੂਦ ਸਨ, ਨੇ ਦੱਸਿਆ ਕਿ ਹਮਲਾਵਰਾਂ ਨੇ ਮੂੰਹ ਢੱਕੇ ਹੋਏ ਸਨ ਤੇ ਕੋਈ ਗੱਲਬਾਤ ਨਹੀਂ ਕਰਦੇ ਸਨ। ਉਨ੍ਹਾਂ ਦੱਸਿਆ ਕਿ ਇੱਕ ਹਮਲਾਵਰ ਨੇ ਅੰਦਰ ਵੜ ਕੇ ਜੇਬ ਪਰਸ ਜਿਸ ਵਿੱਚ 17 ਹਜ਼ਾਰ ਰੁਪਏ ਤੇ ਮੋਬਾਈਲ ਚੁੱਕ ਲਿਆ। ਹਮਲਾਵਰਾਂ ਦੇ ਜਾਣ 'ਤੇ ਬਾਬਾ ਮਨਜਿੰਦਰ ਸਿੰਘ ਤੇ ਸਾਥੀ ਬਾਬਾ ਬਿੱਕਰ ਸਿੰਘ ਨੂੰ ਗੱਡੀ ਵਿੱਚ ਲੈ ਕੇ ਫਗਵਾੜਾ ਦੇ ਨਿੱਜੀ ਹਸਪਤਾਲ ਗਏ, ਪਰ ਉਹ ਪਹਿਲਾਂ ਹੀ ਦਮ ਤੋੜ ਗਏ।

ਮ੍ਰਿਤਕ ਬਾਬਾ ਬਿੱਕਰ ਸਿੰਘ ਪਿੰਡ ਅਜੀਤ ਨਗਰ ਥਾਣਾ ਰਤੀਆ ਜ਼ਿਲ੍ਹਾ ਫਤਿਹਾਬਾਦ ਹਰਿਆਣਾ ਦਾ ਰਹਿਣ ਵਾਲਾ ਸੀ। ਬਾਬਾ ਮਨਜਿੰਦਰ ਸਿੰਘ ਦੇ ਬਿਆਨਾਂ 'ਤੇ ਪੁਲੀਸ ਵੱਲੋਂ ਚਾਰ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਸ਼ੱਕੀ ਵਿਅਕਤੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਚੌਂਕੀ ਇੰਚਾਰਜ ਮੇਜਰ ਸਿੰਘ ਤੇ ਥਾਣਾ ਸਦਰ ਦੇ ਮੁਖੀ ਦੇ ਇੰਸਪੈਕਟਰ ਹਰਜਿੰਦਰ ਸਿੰਘ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ।

## ਪੰਜ ਮਹੀਨਿਆਂ ਤੋਂ ਸੱਖਣੀ ਹੈ ਯੂਥ ਅਕਾਲੀ ਦਲ ਦੇ ਪ੍ਰਧਾਨ ਦੀ ਕੁਰਸੀ!

ਜਲੰਧਰ-ਸ਼੍ਰੋਮਣੀ ਅਕਾਲੀ ਦਲ ਦਾ ਹਰਿਆਵਲ ਦਸਤਾ ਯੂਥ ਅਕਾਲੀ ਦਲ ਪਿਛਲੇ ਪੰਜ ਮਹੀਨਿਆਂ ਤੋਂ ਪ੍ਰਧਾਨ ਤੋਂ ਸੱਖਣਾ ਹੈ ਅਤੇ ਅਜੇ ਇਸ ਅਹੁਦੇ ਨੂੰ ਭਰਨ ਬਾਰੇ ਕਿਸੇ ਤਰ੍ਹਾਂ ਦੀ ਕੋਈ ਸਰਗਰਮੀ ਨਜ਼ਰ ਨਹੀਂ ਆਉਂਦੀ।

ਵਰਨਣਯੋਗ ਹੈ ਕਿ 15 ਅਪ੍ਰੈਲ, 2008 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਸ ਵੇਲੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਯੂਥ ਅਕਾਲੀ ਦਲ ਦਾ ਸਰਪ੍ਰਸਤ ਅਤੇ ਕਿਰਨਬੀਰ ਸਿੰਘ ਕੰਗ ਨੂੰ ਪ੍ਰਧਾਨ ਨਿਯੁਕਤ ਕੀਤਾ ਸੀ। ਕੰਗ ਨੇ ਲਗਪਗ 10 ਮਹੀਨੇ ਆਪਣੇ ਅਹੁਦੇ 'ਤੇ ਰਹਿਣ ਮਗਰੋਂ ਫ਼ਰਵਰੀ ਯੂਥ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਸ ਤੋਂ ਬਾਅਦ ਹੁਣ ਤਕ ਯੂਥ ਅਕਾਲੀ ਦਲ ਦੇ ਪ੍ਰਧਾਨ ਦਾ ਅਹੁਦਾ ਖ਼ਾਲੀ ਚੱਲਿਆ ਆ ਰਿਹਾ ਹੈ। ਹੁਣ ਯੂਥ ਅਕਾਲੀ ਦਲ ਦੀ ਕਮਾਨ ਇਸ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਦੇ ਹੱਥਾਂ ਵਿਚ ਹੀ ਹੈ।

ਕਈ ਵਾਰ ਇਹ ਕਿਆਸ ਅਰਾਈਆਂ ਵੀ ਹੁੰਦੀਆਂ ਆਈਆਂ ਹਨ ਕਿ ਬਿਕਰਮ ਸਿੰਘ ਮਜੀਠੀਆ ਨੂੰ ਹੀ ਯੂਥ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਜਾ ਸਕਦਾ ਹੈ ਪਰ ਸ: ਸੁਖਬੀਰ ਸਿੰਘ ਬਾਦਲ ਅਤੇ ਸ: ਮਜੀਠੀਆ ਇਨ੍ਹਾਂ ਕਿਆਸ ਅਰਾਈਆਂ ਨੂੰ ਰੱਦ ਕਰਦੇ ਆਏ ਹਨ।

# ਸਿੱਖ ਵਿਦਿਆਰਥਣ ਦਾ ਕੜਾ ਲੁਹਾਉਣ ਦੀ ਲੜਾਈ ਸਕੂਲ ਨੂੰ ਸਵਾ ਕਰੋੜ 'ਚ ਪਈ

ਜਲੰਧਰ-ਇੰਗਲੈਂਡ ਦੇ ਇਕ ਸਕੂਲ ਨੂੰ ਆਪਣੀ ਇਕ ਸਿੱਖ ਵਿਦਿਆਰਥਣ ਸਾਰਿਕਾ ਵਾਟਕਿਨਜ਼ ਸਿੰਘ ਦਾ ਕੜਾ ਲੁਹਾਉਣ ਲਈ ਕੀਤੀ ਜ਼ਿਦ ਬਹੁਤ ਮਹਿੰਗੀ ਹੀ ਨਹੀਂ ਪਈ, ਸਗੋਂ ਇਸ ਮਾਮਲੇ ਵਿਚ ਖ਼ਰਚੀਲੀ ਕਾਨੂੰਨੀ ਲੜਾਈ ਹਾਰ ਜਾਣ ਮਗਰੋਂ ਸਕੂਲ ਨੂੰ ਅਲੋਚਨਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਸਕੂਲ ਨੂੰ ਇਹ ਲੜਾਈ ਘੱਟੋ ਘੱਟ 1 ਲੱਖ 70 ਹਜ਼ਾਰ ਪੌਂਡ ਵਿਚ ਪਈ ਹੈ ਜਦਕਿ ਸਿਨੌਨ ਵੈਲੀ ਹਲਕੇ ਦੀ ਐਮ.ਪੀ. ਐਨ ਕਲਾਇਡ ਦਾ ਕਹਿਣਾ ਹੈ ਕਿ ਕੜੇ ਦੇ ਮਾਮਲੇ 'ਤੇ ਅਦਾਲਤੀ ਕਾਰਵਾਈ ਵਿਚ ਉਲਝਣ ਦਾ ਸਕੂਲ ਦਾ ਫ਼ੈਸਲਾ ਮੁੱਢੋਂ ਗਲਤ ਸੀ ਅਤੇ ਅਸਲ ਵਿਚ ਇਸ ਕੇਸ ਉੱਤੇ ਖ਼ਰਚਾ ਇਸ ਤੋਂ ਕਿਤੇ ਵੱਧ ਹੋਇਆ ਹੈ।



ਇਹ ਖੁਲਾਸਾ ਇੰਗਲੈਂਡ ਦੀ ਉਕਤ ਐਮ.ਪੀ. ਬੀਬੀ ਕਲਾਇਡ ਵੱਲੋਂ ਦੋ ਸਾਲ ਲੜਾਈ ਲੜਨ ਮਗਰੋਂ ਸਕੂਲ ਵੱਲੋਂ ਕੀਤੇ ਗਏ ਪ੍ਰਗਟਾਵੇ ਤੋਂ ਬਾਅਦ ਕੀਤਾ ਗਿਆ ਹੈ। ਕਲਾਇਡ ਨੇ ਸਕੂਲ ਨੂੰ ਇਸ ਮੁਕੱਦਮੇ ਦਾ ਖ਼ਰਚਾ ਪੁੱਛਣ ਦੇ ਨਾਲ ਨਾਲ ਇਹ ਜਾਣਕਾਰੀ ਵੀ ਮੰਗੀ ਸੀ ਕਿ ਇਸ ਮੁਕੱਦਮੇ ਨੂੰ ਅਦਾਲਤ ਵਿਚ ਲਿਜਾਣ ਦੇ ਮਗਰ ਕੀ ਤੁੱਕ ਸੀ। ਕਲਾਇਡ ਨੇ ਦੋਸ਼ ਲਾਇਆ ਹੈ ਕਿ ਸਕੂਲ ਨੇ ਅਜੇ ਵੀ ਖ਼ਰਚੇ ਬਾਰੇ ਸਹੀ ਜਾਣਕਾਰੀ ਨਹੀਂ ਦਿੱਤੀ ਅਤੇ ਹੋਇਆ ਖ਼ਰਚਾ ਇਸ ਤੋਂ ਕਿਤੇ ਵੱਧ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਕ ਨਾ ਜਿੱਤੇ ਜਾ ਸਕਣ ਵਾਲੇ ਮੁਕੱਦਮੇ ਵਿਚ ਹੀ ਸਕੂਲ ਨੇ ਇੰਨਾ ਪੈਸਾ ਰੋੜ੍ਹ ਦਿੱਤਾ ਹੈ।

ਵਰਨਣਯੋਗ ਹੈ ਕਿ ਅਬੈਰਡੇਅਰ ਗਰਲਜ਼ ਸਕੂਲ ਦੀ ਉਸ ਵੇਲੇ 14 ਵਰ੍ਹਿਆਂ ਦੀ ਵਿਦਿਆਰਥਣ ਸਾਰਿਕਾ ਸਿੰਘ ਨੂੰ ਸੰਨ 2007 ਵਿਚ ਕੜਾ ਪਾ ਕੇ ਸਕੂਲ ਆਉਣ ਤੋਂ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਗਿਆ ਸੀ ਕਿ ਸਕੂਲ ਵਿਚ ਗਹਿਣੇ ਪਾਉਣ ਦੀ ਇਜਾਜ਼ਤ ਨਹੀਂ ਹੈ, ਹਾਲਾਂਕਿ ਸਾਰਿਕਾ ਸਿੰਘ ਦਾ ਕਹਿਣਾ ਸੀ ਕਿ ਕੜਾ ਉਸ ਲਈ ਪੰਜਾਂ ਕਕਾਰਾਂ ਵਿਚੋਂ ਇਕ ਹੈ, ਜਿਹੜਾ ਉਸ ਦੇ ਧਰਮ ਮੁਤਾਬਿਕ ਉਸ ਲਈ ਪਹਿਨਣਾ ਜ਼ਰੂਰੀ ਵੀ ਹੈ। ਇਸ ਮਾਮਲੇ 'ਤੇ ਸਕੂਲ ਦੇ ਅੜੇ ਰਹਿਣ ਕਾਰਨ ਮਾਮਲਾ ਅਦਾਲਤ ਵਿਚ ਚਲਾ ਗਿਆ। ਇਸ ਮਾਮਲੇ ਵਿਚ ਹਾਈਕੋਰਟ ਨੇ ਜੁਲਾਈ 2008 ਵਿਚ ਵਿਦਿਆਰਥਣ ਦੇ ਹੱਕ ਵਿਚ ਫ਼ੈਸਲਾ ਸੁਣਾਇਆ ਸੀ। ਇਸ ਦੌਰਾਨ ਸਾਰਿਕਾ ਸਿੰਘ ਨੂੰ ਸਕੂਲ ਛੱਡਣ ਲਈ ਮਜ਼ਬੂਰ ਕਰ ਦਿੱਤਾ ਗਿਆ ਸੀ ਅਤੇ ਉਸ ਨੇ 'ਮਾਊਂਟੇਨ ਐਸ਼ ਕੰਪਰੀਹੈਂਸਿਵ ਸਕੂਲ' ਵਿਚ ਦਾਖਲਾ ਲਿਆ ਸੀ ਜਿੱਥੇ ਉਸ ਦੇ ਕੜਾ ਪਾਉਣ 'ਤੇ ਕੋਈ ਰੋਕ ਨਹੀਂ ਲਾਈ ਗਈ ਸੀ।

## ਸਿੱਖ ਨਸਲਕੁਸ਼ੀ ਕਹੇ ਜਾਣ ਦੀ ਹਦਾਇਤ ਸ਼ਲਾਘਾਯੋਗ ਕਦਮ-ਪੰਨੂੰ, ਸੁੱਖ ਧਾਲੀਵਾਲ

ਵੈਨਕੂਵਰ-ਪੰਜ ਸਿੰਘ ਸਾਹਿਬਾਨ ਵੱਲੋਂ 1984 ਦੇ ਦੁਖਾਂਤ ਨੂੰ 'ਸਿੱਖ ਨਸਲਕੁਸ਼ੀ' ਨਾਲ ਸੰਬੋਧਨ ਕੀਤੇ ਜਾਣ ਦੇ ਸਿੱਖਾਂ ਦੇ ਨਾਂਅ ਹਦਾਇਤ ਨੂੰ ਵਿਦੇਸ਼ਾਂ 'ਚ ਵਸਦੇ ਸਿੱਖਾਂ ਦੀਆਂ ਪ੍ਰਮੁੱਖ ਸੰਸਥਾਵਾਂ ਅਤੇ ਆਗੂਆਂ ਵੱਲੋਂ ਸ਼ਲਾਘਾਯੋਗ ਕਿਹਾ ਗਿਆ ਹੈ। 'ਸਿੱਖਜ਼ ਫਾਰ ਜਸਟਿਸ' ਸੰਸਥਾ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਹੈ ਕਿ ਅਜਿਹੇ ਆਦੇਸ਼ ਨਾਲ ਸਿੱਖਾਂ ਵੱਲੋਂ ਇਨਸਾਫ਼ ਦੀ ਆਰੰਭੀ ਲਹਿਰ ਨੂੰ ਭਾਰੀ ਉਤਸ਼ਾਹ ਮਿਲੇਗਾ। ਉਨ੍ਹਾਂ ਸਮੁੱਚੇ ਸਿੱਖ ਪੰਥ ਨੂੰ ਅਪੀਲ ਕੀਤੀ ਕਿ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਾਰੇ ਇਕ ਪਲੇਟਫਾਰਮ 'ਤੇ ਇਕੱਠੇ ਹੋਣ।

ਕੈਨੇਡਾ ਦੀ ਸੰਸਦ 'ਚ 1984 ਦੇ ਦੁਖਾਂਤ ਸੰਬੰਧੀ ਪਟੀਸ਼ਨ ਪੇਸ਼ ਕਰਨ ਵਾਲੇ ਸੰਸਦ ਮੈਂਬਰ ਸੁਖਮਿੰਦਰ ਸਿੰਘ (ਸੁੱਖ) ਧਾਲੀਵਾਲ ਨੇ ਸਿੰਘ ਸਾਹਿਬਾਨਾਂ ਵੱਲੋਂ ਜਾਰੀ ਹਦਾਇਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ 26 ਸਾਲਾਂ ਬਾਅਦ, ਸਿੱਖਾਂ ਦੇ ਦੁਖਾਂਤ ਨੂੰ ਸਹੀ ਤਰ੍ਹਾਂ ਪਰਿਭਾਸ਼ਤ ਕਰਨ ਲਈ ਚੁਣਿਆ ਸ਼ਬਦ ਸਹੀ ਸਿੱਧ ਹੋਇਆ ਹੈ, ਜਿੱਥੇ ਕਿ ਸਿੱਖ ਵਸਦੇ ਹਨ ਅਤੇ ਖਾਸਕਰ ਭਾਰਤੀ ਸੰਸਦ ਵਿਚ ਸਿਆਸੀ ਧੜੇਬਾਜ਼ੀ ਤੋਂ ਉੱਪਰ ਉਠ ਕੇ ਸਿੱਖ ਨਸਲਕੁਸ਼ੀ ਦਾ ਮਤਾ ਲਿਆਂਦਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵੈਨਕੂਵਰ, ਸਰੀ ਅਤੇ ਐਬਟਸਫੋਰਡ ਸਮੇਤ ਬ੍ਰਿਟਿਸ਼ ਕੋਲੰਬੀਆ ਦੀਆਂ ਪ੍ਰਮੁੱਖ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਸਿੰਘ ਸਾਹਿਬਾਨਾਂ ਵੱਲੋਂ ਕੀਤੀ ਹਦਾਇਤ ਦੀ ਸ਼ਲਾਘਾ ਕੀਤੀ।

# ਜਿਸਮਾਨੀ ਸ਼ੋਸ਼ਣ ਦੇ ਮਾਮਲਿਆਂ ਕਾਰਨ ਵਿਵਾਦਾਂ 'ਚ ਘਿਰੇ ਵੈਟੀਕਨ ਨੇ ਨਵੇਂ ਨਿਯਮ ਜਾਰੀ ਕੀਤੇ

ਵੈਟੀਕਨ-ਦੁਨੀਆਂ ਭਰ ਵਿਚ ਪਾਦਰੀਆਂ ਵਲੋਂ ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਦੇ ਮਾਮਲਿਆਂ 'ਤੇ ਵੈਟੀਕਨ ਨੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਨਵੇਂ ਨਿਯਮਾਂ ਦਾ ਖਰੜਾ ਜਾਰੀ ਕਰ ਦਿੱਤਾ, ਜਿਨ੍ਹਾਂ ਮੁਤਾਬਕ ਨਾਬਾਲਗ਼ਾਂ ਦਾ ਬਲਾਤਕਾਰ ਕਰਨ ਵਾਲਿਆਂ ਵਿਰੁੱਧ 20 ਸਾਲ ਦੀ ਪਾਬੰਦੀ ਲਗਾਈ ਜਾ ਸਕਦੀ ਹੈ ਅਤੇ ਬੱਚਿਆਂ ਦੀਆਂ ਅਸ਼ਲੀਲ ਤਸਵੀਰਾਂ ਰੱਖਣਾ ਜਾਂ ਵੰਡਣਾ ਧਾਰਮਿਕ ਅਪਰਾਧ ਮੰਨਿਆ ਜਾਵੇਗਾ। ਪਰ ਖਰੜੇ ਵਿਚ ਵੱਡੇ ਪਾਦਰੀਆਂ (ਬਿਸ਼ਪ) ਬਾਰੇ ਕੋਈ ਹਦਾਇਤ ਜਾਰੀ ਨਹੀਂ ਕੀਤੀ ਗਈ। ਦਸਤਾਵੇਜ਼ ਮੁਤਾਬਕ ਔਰਤਾਂ ਨੂੰ ਪਾਦਰੀ ਨਿਯੁਕਤ ਕਰਨਾ ਗੰਭੀਰ ਅਪਰਾਧ ਕਰਾਰ ਦਿੱਤਾ ਗਿਆ ਹੈ। ਹਾਲ ਹੀ ਵਿਚ ਇੰਗਲੈਂਡ ਦੇ ਗਿਰਜੇ ਨੇ ਔਰਤਾਂ ਨੂੰ ਪਾਦਰੀ ਨਿਯੁਕਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ। ਆਲੋਚਕਾਂ ਨੇ ਸ਼ਿਕਾਇਤ ਕੀਤੀ ਹੈ ਕਿ ਦਸਤਾਵੇਜ਼ ਸਮੱਸਿਆਵਾਂ ਦਾ ਪੂਰੀ ਤਰ੍ਹਾਂ ਹੱਲ ਨਹੀਂ ਕਰਦਾ। ਇਸ ਸਾਲ ਦੇ ਸ਼ੁਰੂ ਵਿਚ ਆਇਰਲੈਂਡ ਅਤੇ ਅਮਰੀਕਾ ਦੇ ਵੱਡੇ ਪਾਦਰੀਆਂ ਵਲੋਂ ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਦੀਆਂ ਘਟਨਾਵਾਂ ਸਾਹਮਣੇ ਆਉਣ ਮਗਰੋਂ ਵੈਟੀਕਨ ਵਲੋਂ ਜਾਰੀ ਕੀਤਾ ਗਿਆ ਇਹ ਪਹਿਲਾ ਦਸਤਾਵੇਜ਼ ਹੈ। ਇਸ ਤੋਂ ਪਹਿਲਾਂ ਵੈਟੀਕਨ ਦੇ ਅਧਿਕਾਰੀ ਅਜਿਹੀਆਂ ਘਟਨਾਵਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਸਨ ਜਾਂ ਪੂਰੀ ਤਰ੍ਹਾਂ ਅੱਖਾਂ ਮੀਚ ਲੈਂਦੇ ਸਨ।